Regd. No. NW/CH-22 Regd. No. CHD/0092/2018-2020

# Punjab Government Gazette

**Published by Authority**

No. 31 ] CHANDIGARH, FRIDAY, JULY 31, 2020 (SRAVANA 9, 1942 SAKA)

# PART III

**Punjab Government Notifications and Orders**

ਕਿਰਤ ਵਿਭਾਗ, ਪੰਜਾਬ

ਦਫਤਰ ਕਿਰਤ ਕਮਿਸ਼ਨਰ, ਪੰਜਾਬ

**ਅਧਿਸੂਚਨਾ**

ਮਿਤੀ 20 ਜੁਲਾਈ, 2020

**ਨੰ: ੳਵ/14158.**-ਮੇਰੀ ਰਾਇ ਹੈ ਕਿ ਕਿਰਤੀਆਂ/ਯੂਨੀਅਨ/ਮਾਰਫਤ/ਵੱਲੋਂ ਪੰਜਾਬ ਮੈਡੀਕਲ ਰੀਪਰਜੈਂਟੇਟਿਵ ਐਸੋਸ਼ੀਏਸ਼ਨ (ਰਜਿ:), ਨੈਸ਼ਨਲ ਰੋਡ, ਘੁਮਾਰ ਮੰਡੀ, ਲੁਧਿਆਣਾ ਵਿਰੁੱਧ ਮੈਸ: ਗਨੈਨਮਾਰਕ ਫਾਰਮਾਸਿਟੀਕਲ ਲਿਮ: ਹੈਡ ਆਫਿਸ-ਬੀ.ਡੀ.ਸਾਵੰਤ ਮਾਰਗ, ਚਕਲਾ, ਆਫਿਸ ਵੈਸਟਰਨ ਐਕਸਪ੍ਰੈਸ ਹਾਈਵੇ, ਅੰਧੇਰੀ (ਈ.) ਮੁੰਬਈ-400099 ਦੇ ਪ੍ਰਬੰਧਕਾਂ ਵਿਚਕਾਰ ਹੇਠ ਅਨੁਸਾਰ ਝਗੜਾ ਹੋਂਦ ਵਿੱਚ ਹੈ ਅਤੇ ਮੇਰੀ ਰਾਏ ਵਿਚ ਇਹ ਮਾਮਲਾ ਨਿਆਂ-ਨਿਰਣੈ ਲਈ ਭੇਜਣਾ ਬਣਦਾ ਹੈ। ਉਦਯੋਗਿਕ ਵਿਵਾਦ ਐਕਟ, 1947 ਦੀ ਧਾਰਾ 2-ਕੇ ਅਤੇ ਧਾਰਾ-10 ਦੀ ਉਪ ਧਾਰਾ (1) ਦੇ ਖੰਡ (ਡੀ) ਅਤੇ ਪੰਜਾਬ ਸਰਕਾਰ ਦੀ ਅਧਿਸੂਚਨਾ ਨੰ: ਐਸ.ਓ.66/ਸੀ.ਏ.14/47 ਐਸ.39 ਮਿਤੀ 19.09.88 ਰਾਹੀਂ ਦਿੱਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਐਕਟ ਦੀ ਧਾਰਾ 7-ਏ ਅਧੀਨ ਬਣਾਏ ਗਏ ਇੰਡਸਟਰੀਅਲ ਟ੍ਰਿਬਿਊਨਲ, ਲੁਧਿਆਣਾ ਨੂੰ ਪ੍ਰਬੰਧਕਾਂ ਅਤੇ ਕਿਰਤੀਆਂ ਦੇ ਝਗੜੇ ਬਾਰੇ ਨਿਆਂ ਨਿਰਣੇ ਲਈ ਅਵਾਰਡ 6 ਮਹੀਨੇ ਦੇ ਅੰਦਰ-ਅੰਦਰ ਦੇਣ ਲਈ ਭੇਜਦਾ ਹਾਂ:-

"(1) ਕੀ ਯੂਨੀਅਨ ਦੇ ਕਥਨ ਅਨੁਸਾਰ ਸ਼੍ਰੀ ਨਵੀਸ ਵਾਲੀਆ, ਫੀਲਡ ਸੇਲਜ਼ ਅਫ਼ਸਰ ਦੇ ਅਹੁਦੇ ਤੇ ਬਤੌਰ ਸੇਲਜ ਪ੍ਰੋਮੋਸ਼ਨ ਐਂਪਲਾਈ, ਆਈ.ਡੀ.ਐਕਟ, 1947 ਦੀ ਧਾਰਾ-2(ਐਸ) ਅਧੀਨ "ਵਰਕਮੈਨ" ਦੀ ਪਰਿਭਾਸ਼ਾ ਵਿੱਚ ਕਵਰ ਹੁੰਦਾ ਹੈ ?

(2) ਕੀ ਯੂਨੀਅਨ ਦੇ ਕਥਨ ਅਨੁਸਾਰ ਸ਼੍ਰੀ ਨਵੀਸ ਵਾਲੀਆ ਵੱਲੋਂ PMRA ਐਗਜੈਕਟਿਵ ਮੈਂਬਰ ਹੋਣ ਦੇ ਨਾਤੇ ਲੀਗਲ ਟਰੇਡ ਯੂਨੀਅਨ ਗਤੀਵਿਧੀਆਂ ਵਿੱਚ ਭਾਗ ਲੈਣ ਕਾਰਣ, ਅਦਾਰੇ ਦੇ ਪ੍ਰਬੰਧਕਾਂ ਦੁਆਰਾ ਉਸ ਦੀ ਲੁਧਿਆਣਾ ਤੋਂ ਦਿੱਲੀ ਵਿਖੇ ਕੀਤੀ ਗਈ ਟ੍ਰਾਂਸਫਰ ਆਈ.ਡੀ.ਐਕਟ, 1947 ਦੇ ਸ਼ਡਿਊਲ 5 (read with section 2(ra) ਅਧੀਨ ਪ੍ਰਬੰਧਕਾਂ ਦੀ ਪੱਧਰ ਤੇ ਅਣਫੇਅਰ ਲੇਬਰ ਪ੍ਰੈਕਟਿਸ ਬਣਦੀ ਹੈ? ਜੇਕਰ ਹਾਂ, ਤਾਂ ਇਸ ਸਬੰਧ ਵਿੱਚ ਸ਼੍ਰੀ ਨਵੀਸ ਵਾਲੀਆ ਕੀ ਲਾਭ ਅਤੇ ਕਿਸ ਵਿਸਥਾਰ ਨਾਲ ਪ੍ਰਾਪਤ ਕਰਨ ਦਾ ਹੱਕਦਾਰ ਹੈ?"

**ਪ੍ਰਵੀਨ ਕੁਮਾਰ ਥਿੰਦ**

ਮਿਤੀ 22 ਜੂਨ, 2020 ਕਿਰਤ ਕਮਿਸ਼ਨਰ, ਪੰਜਾਬ।

*2068/7-2020/Pb. Govt. Press, S.A.S. Nagar*